**ਐਕਸ਼ਨ ਆੱਨ ਪ੍ਰੀ-ਇਕਲੈਂਪਸੀਆ (Action on Pre-eclampsia) ਯੂ.ਕੇ. ਆਧਾਰਤ ਇਕ ਚੈਰਿਟੀ ਹੈ, ਜੋ 1991 ਵਿਚ ਸਥਾਪਤ ਹੋਈ। ਅਸੀਂ ਉਨ੍ਹਾਂ ਇਸਤਰੀਆਂ ਨੂੰ ਮਦਦ ਅਤੇ ਸਮਰਥਨ ਦਿੰਦੇ ਹਾਂ, ਜਿਨ੍ਹਾਂ ਨੂੰ ਪ੍ਰੀ-ਇਕਲੈਂਪਸੀਆ (ਪ੍ਰੀਇਕਲੈਂਪਸੀਆ), ਇਕਲੈਂਪਸੀਆ, HELLP ਸਿੰਡਰੋਮ ਜਾਂ ਗਰਭ ਕਾਰਨ ਹਾਇਪਰਟੈਨਸ਼ਨ (PIH) ਹੋਵੇ।**

ਐਕਸ਼ਨ ਆੱਨ ਪ੍ਰੀ-ਇਕਲੈਂਪਸੀਆ ਉਨ੍ਹਾਂ ਇਸਤਰੀਆਂ ਨੂੰ ਸਮਰਥਨ ਅਤੇ ਸੂਚਨਾ ਪ੍ਰਦਾਨ ਕਰਨ ਲਈ ਸਥਾਪਤ ਕੀਤੀ ਗਈ, ਜਿਨ੍ਹਾਂ ਨੂੰ ਪ੍ਰੀ-ਇਕਲੈਂਪਸੀਆ ਹੋ ਚੁਕਾ ਹੈ। ਉਦੋਂ ਤੋਂ ਲੈ ਕੇ, ਭਾਵੇਂ ਕਿ ਅਸੀਂ ਇਕ ਸੰਗਠਨ ਵਜੋਂ ਤਰੱਕੀ ਕੀਤੀ ਹੈ, ਪਰ ਸਾਡੀ ਦ੍ਰਿਸ਼ਟੀ ਅਤੇ ਉਦੇਸ਼ ਉਹੀ ਹਨ।

ਅਸੀਂ ਇਕ ਅਜਿਹਾ ਭਵਿੱਖ ਸੋਚਦੇ ਹਾਂ, ਜਿਸ ਵਿਚ ਪ੍ਰੀ-ਇਕਲੈਂਪਸੀਆ ਤੋਂ ਮਾਵਾਂ ਅਤੇ ਉਨ੍ਹਾਂ ਦੇ ਅਣਜੰਮੇ ਬੱਚਿਆਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਕੋਈ ਗੰਭੀਰ ਖ਼ਤਰਾ ਨਾ ਹੋਵੇ। ਸਾਡਾ ਮਿਸ਼ਨ ਇਹ ਹੈ ਕਿ ਲੋਕਾਂ ਨੂੰ ਪ੍ਰੀ-ਇਕਲੈਂਪਸੀਆ ਬਾਰੇ ਜਾਣਕਾਰੀ ਦੇ ਕੇ, ਇਸ ਨਾਲ ਸੰਬੰਧਤ ਵਿਵਸਾਇਕ ਗਿਆਨ ਅਤੇ ਹੁਨਰ ਵਧਾ ਕੇ ਅਤੇ ਪ੍ਰਭਾਵਤ ਪਰਿਵਾਰਾਂ ਨੂੰ ਫ਼ੌਰਨ ਅਤੇ ਨਿਰੰਤਰ ਸਮਰਥਨ ਦੇ ਕੇ, ਇਸ ਬੀਮਾਰੀ ਤੋਂ ਹੋਣ ਵਾਲੀ ਪੀੜਾ ਨੂੰ ਰੋਕਿਆ ਜਾਵੇ ਜਾਂ ਘਟ ਕੀਤਾ ਜਾਵੇ।

ਸਾਡਾ ਉਦੇਸ਼ ਆਮ ਲੋਕਾਂ ਅਤੇ ਸਿਹਤ ਵਿਵਸਾਇਕਾਂ ਨੂੰ ਪ੍ਰੀ-ਇਕਲੈਂਪਸੀਆ ਦੀ ਹੋਂਦ, ਕਿਸਮ ਅਤੇ ਜੋਖਮਾਂ ਬਾਰੇ ਸਿੱਖਿਆ, ਜਾਣਕਾਰੀ ਅਤੇ ਸਲਾਹ ਦੇਣਾ ਹੈ। ਅਸੀਂ ਲੋਕਾਂ ਵਿਚ ਇਸ ਬੀਮਾਰੀ ਬਾਰੇ ਚੇਤਨਤਾ ਵਧਾਉਣ ਅਤੇ ਇਸਦਾ ਪਤਾ ਲਾਉਣ ਅਤੇ ਇਸਦੇ ਇਲਾਜ ਦੇ ਤਰੀਕਿਆਂ ਨੂੰ ਬਿਹਤਰ ਬਣਾਉਣ ਲਈ ਮੁਹਿੰਮ ਚਲਾ ਰਹੇ ਹਾਂ। ਅਸੀਂ ਪ੍ਰਭਾਵਤ ਇਸਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਮਰਥਨ ਦਿੰਦੇ ਹਾਂ ਅਤੇ ਬੀਮਾਰੀ ਦੇ ਕਾਰਨਾਂ, ਸਕ੍ਰੀਨਿੰਗ ਦੇ ਉਚਿਤ ਢੰਗਾਂ ਅਤੇ ਇਲਾਜ ਦੇ ਤਰੀਕਿਆਂ ਬਾਰੇ ਖੋਜ ਨੂੰ ਪ੍ਰੋਤਸਾਹਨ ਦਿੰਦੇ ਹਾਂ।

ਅਸੀਂ ਗਰਭਵਤੀ ਇਸਤਰੀਆਂ, ਪ੍ਰਭਾਵਤ ਪਰਿਵਾਰਾਂ ਅਤੇ ਜਣੇਪੇ ਦੌਰਾਨ ਵੇਖਭਾਲ ਨਾਲ ਸੰਬੰਧਤ ਸਿਹਤ ਵਿਵਸਾਇਕਾਂ ਨੂੰ ਪ੍ਰੀ-ਇਕਲੈਂਪਸੀਆ ਬਾਰੇ ਸੂਚਨਾ ਪ੍ਰਦਾਨ ਕਰਦੇ ਹਾਂ। ਅਸੀਂ ਕਾਨਫ਼ਰੰਸਾਂ ਅਤੇ ਅਧਿਐਨ ਦਿਨਾਂ ਦੇ ਇਕ ਨਿਰੰਤਰ ਪ੍ਰੋਗਰਾਮ ਦੁਆਰਾ ਪ੍ਰੀ-ਇਕਲੈਂਪਸੀਆ ਸੰਬੰਧੀ ਵਿਵਸਾਇਕ ਵਿਦਿਆ ਪ੍ਰਦਾਨ ਕਰਦੇ ਹਾਂ। ਸਾਡੀ ਇਕ ਕੌਮੀ ਟੈਲੀਫ਼ੋਨ ਹੈਲਪਲਾਈਨ (+208 427 4217), ਦੋਸਤੀ ਕਰਨ ਵਾਲੇ ਸਥਾਨਕ ਵਿਅਕਤੀਆਂ ਦਾ ਨੈੱਟਵਰਕ ਅਤੇ ਵਿਸ਼ੇਸ਼ਗਾਂ ਵਲੋਂ ਦਿੱਤੀ ਜਾਣ ਵਾਲੀ ਸਲਾਹ ਅਤੇ ਦੇਖਭਾਲ ਤਕ ਪਹੁੰਚ ਹੈ।